2. ਅਕੈਡਮੀ ਅਤੇ ਅਦਾਰਾ ਚੇਤੰਨਾ ਪ੍ਰਕਾਸ਼ਨ  ਵਿਚਕਾਰ ਮਿਤੀ 01-01-208 ਨੂੰ ਹੋਇਆ ਇਕਰਾਰਨਾਮਾ(ਕਰਾਇਆਨਾਮਾ)

SPECIAL ADHESIVE SPECIAL ADHESIVE

16498 1-5-08

NIRMAL ... Stamp Vendor
Distt. Courts LUDHIANA

## ਇਕਰਾਰਨਾਮਾ

ਇਹ ਇਕਰਾਰਨਾਮਾ 1 ਜਨਵਰੀ 2008 ਤੋਂ ਦੋ ਸਾਲ ਲਈ 31 ਦਸੰਬਰ 2009 ਤਕ ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ ਰਾਹੀਂ ਜਨਰਲ ਸਕੱਤਰ (ਪਹਿਲੀ ਧਿਰ) ਅਤੇ ਚੇਤਨਾ ਪ੍ਰਕਾਸ਼ਨ ਰਾਹੀਂ ਸ੍ਰੀ ਸਤੀਸ਼ ਗੁਲਾਟੀ 231-ਬੀ, ਰਾਮਗੜ੍ਹ ਨਗਰ, ਲੁਧਿਆਣਾ (ਦੂਜੀ ਧਿਰ) ਵਿਚਕਾਰ ਕੀਤਾ ਜਾ ਰਿਹਾ ਹੈ।

ਇਸ ਇਕਰਾਰਨਾਮੇ ਦੀ ਰੂ ਨਾਲ ਪਹਿਲੀ ਧਿਰ ਨੇ ਦੂਜੀ ਧਿਰ ਨੂੰ ਅਕਾਡਮੀ ਦੇ ਮੁੱਖ ਗੇਟ ਦੇ ਨਾਲ ਇਕ ਕਮਰਾ ਅਤੇ ਕਵਰ ਕਰਵਾ ਕੇ ਬਣਾਇਆ ਪੁਸਤਕ ਵਿਕਰੀ ਕੇਂਦਰ ਲਈ ਦਿੱਤਾ ਹੈ। ਦੂਜੀ ਧਿਰ ਹਰ ਮਹੀਨੇ ਦੇ ਪਹਿਲੇ ਹਫ਼ਤੇ 3525/-ਰੁਪਏ ਬਤੌਰ ਕਿਰਾਇਆ ਪੇਸ਼ਗੀ ਪਹਿਲੀ ਧਿਰ ਨੂੰ ਅਦਾ ਕਰੇਗੀ। ਦੋਹਾਂ ਧਿਰਾਂ ਦੀ ਸਹਿਮਤੀ ਨਾਲ ਇਕਰਾਰਨਾਮੇ ਅਨੁਸਾਰ ਦੂਸਰੇ ਸਾਲ (ਜਨਵਰੀ ਤੋਂ ਦਸੰਬਰ 2009) ਕਿਰਾਏ ਦੀ ਦਰ 3700/-ਰੁਪਏ ਪ੍ਰਤੀ ਮਹੀਨਾ ਪੇਸ਼ਗੀ ਹੋਵੇਗੀ। ਜੇ ਦੋਹਾਂ ਧਿਰਾਂ ਦੀ ਸਹਿਮਤੀ ਨਾਲ ਇਕਰਾਰਨਾਮੇ ਵਿਚ ਇਕ ਸਾਲ ਦਾ ਹੋਰ ਵਾਧਾ ਕੀਤਾ ਗਿਆ ਤਾਂ ਉਸ ਸਾਲ ਲਈ ਕਿਰਾਏ ਦੀ ਦਰ 3885/-ਰੁਪਏ ਪ੍ਰਤੀ ਮਹੀਨਾ ਪੇਸ਼ਗੀ ਹੋਵੇਗੀ।

ਪਹਿਲੀ ਧਿਰ ਵਲੋਂ ਬਿਜਲੀ ਦੇ ਸਬ-ਮੀਟਰ ਅਨੁਸਾਰ ਬਿਜਲੀ ਦਾ ਖ਼ਰਚਾ ਵਸੂਲ ਕੀਤਾ ਜਾਵੇਗਾ।

ਦੂਜੀ ਧਿਰ ਲਈ ਲਾਜ਼ਮੀ ਹੋਵੇਗਾ ਕਿ ਪਹਿਲੀ ਧਿਰ ਵਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਵਿਕਰੀ ਨੂੰ ਇਸ ਵਿਕਰੀ ਕੇਂਦਰ ਤੇ ਉਤਸ਼ਾਹਿਤ ਕਰੇਗੀ ਤੇ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਦੀ ਇਕ-ਇਕ ਕਾਪੀ ਰੈਫਰੈਂਸ ਲਾਇਬ੍ਰੇਰੀ ਨੂੰ ਭੇਟਾ ਕਰੇਗੀ।

ਕਿਰਾਏਦਾਰ ਇਸ ਵਿਕਰੀ-ਕੇਂਦਰ ਨੂੰ ਪੁਸਤਕਾਂ ਦੀ ਵਿਕਰੀ ਤੋਂ ਇਲਾਵਾ ਕਿਸੇ ਹੋਰ ਮਕਸਦ ਲਈ ਨਹੀਂ ਵਰਤੇਗਾ, ਨਾ ਕਿਸੇ ਹੋਰ ਨੂੰ ਅੱਗੇ ਦੇ ਸਕੇਗਾ, ਨਾ ਰਿਹਾਇਸ਼ ਲਈ ਵਰਤ ਸਕੇਗਾ।

ਨੋਟਿਸ ਦਾ ਸਮਾਂ ਦੋਹਾਂ ਧਿਰਾਂ ਵਲੋਂ ਇਕ ਮਹੀਨਾ ਹੋਵੇਗਾ।

ਸਤੀਸ਼ ਗੁਲਾਟੀ
ਵਾਸਤੇ ਚੇਤਨਾ ਪ੍ਰਕਾਸ਼ਨ
(ਦੂਜੀ ਧਿਰ)

ਜਨਰਲ ਸਕੱਤਰ
ਪੰਜਾਬੀ ਸਾਹਿਤ ਅਕਾਡਮੀ
ਪੰਜਾਬੀ ਭਵਨ, ਲੁਧਿਆਣਾ
(ਪਹਿਲੀ ਧਿਰ)

ਗਵਾਹ

1.

2.

ਮਿਤੀ 6/2 2008